ਨੰ: 2/17/2002-ਰਸ5/112-117

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜਰਵੇਸ਼ਨ ਸੈਲ)

ਸੇਵਾ ਵਿਖੇ

1. ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
2. ਰਾਜ ਦੇ ਸਮੂਹ ਡਵੀਜ਼ਨਾਂ ਦੇ ਕਮਿਸ਼ਨਰ,
3. ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈਕੋਰਟ,
4. ਰਾਜ ਦੇ ਸਮੂਹ ਡਿਪਟੀ ਕਮਿਸ਼ਨਰ,
5. ਰਾਜ ਵਿੱਚ ਸਮੂਹ ਜਿਲ੍ਹਾ ਤੇ ਸੈਸ਼ਨ ਜੱਜ,
6. ਰਾਜ ਵਿੱਚ ਸਮੂਹ ਉਪ-ਮੰਡਲ ਅਫਸਰ (ਸਿਵਲ)

ਮਿਤੀ, ਚੰਡੀਗੜ੍ਹ 9 ਜਨਵਰੀ, 2006

**ਵਿਸ਼ਾ:** **ਪੱਛੜੀਆਂ ਸ੍ਰੇਣੀਆਂ/ਦੂਜੀਆਂ ਪੱਛੜੀਆਂ ਸੇਣੀਆਂ ਦੇ ਜਾਤੀ ਸਰਟੀਫਿਕੇਟ ਜਾਰੀ ਕਰਨ ਬਾਰੇ।**

ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਭਾਰਤ ਸਰਕਾਰ ਦੇ ਪੱਤਰ ਨੰ: 36012/22/93-ਅਮਲਾ (ਐਸ.ਸੀ.ਟੀ.) ਮਿਤੀ 8-9-1993 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਨੂੰ ਪੰਜਾਬ ਸਰਕਾਰ ਦੇ ਪੱਤਰ ਨੰ: 1/41/93-ਰਸ1/459 ਮਿਤੀ 17-1-1994 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਨਾਲ ਅਪਣਾਇਆ ਹੈ ਤੇ ਲਾਗੂ ਕੀਤਾ ਹੈ। ਪੰਜਾਬ ਸਰਕਾਰ ਦੀਆਂ ਇਨ੍ਹਾਂ ਹਦਾਇਤਾਂ ਦੇ ਪੈਰਾ ਨੰ: 4 ਅਨੁਸਾਰ ਪੰਜਾਬ ਰਾਜ ਦੀਆਂ ਜਿਹੜੀਆਂ ਜਾਤੀਆਂ ਨੂੰ ਪੱਛੜੀਆਂ ਸ੍ਰੇਣੀਆਂ ਘੋਸ਼ਿਤ ਕੀਤਾ ਗਿਆ ਹੈ, ਜਾਂ ਘੋਸ਼ਿਤ ਕੀਤੀਆਂ ਜਾਣਗੀਆਂ, ਉਨ੍ਹਾਂ ਨੂੰ ਹੀ ਕਰੀਮੀਲੇਅਰ ਦੀ ਸਮੇਂ-ਸਮੇਂ ਤੇ ਨਿਸਚਿਤ ਕੀਤੀ ਸੀਮਾ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ, ਰਾਜ ਦੀਆਂ ਸੇਵਾਵਾਂ/ਵਿਦਿਅਕ/ਤਕਨੀਕੀ/ਪ੍ਰੋਫੈਸ਼ਨਲ ਸੰਸਥਾਵਾਂ ਵਿੱਚ ਰਾਖਵਾਂਕਰਨ ਦਾ ਲਾਭ ਪ੍ਰਾਪਤ ਕਰਨ ਲਈ ਪੱਛੜੀ ਸ੍ਰੇਣੀ ਦੇ ਸਰਟੀਫਿਕੇਟ ਜਾਰੀ ਕੀਤੇ ਜਾਣਗੇ।

2. ਪੰਜਾਬ ਸਰਕਾਰ ਵਲੋਂ ਹੁਣ ਤੱਕ ਪੱਛੜੀਆਂ ਸ੍ਰੇਣੀਆਂ ਦੇ ਤੌਰ ਤੇ ਘੋਸ਼ਿਤ ਕੀਤੀਆਂ ਜਾਤੀਆਂ ਦੀ ਇਸ ਸਮੇਂ ਗਿਣਤੀ 69 ਹੈ। ਇਹ ਜਾਤੀਆਂ ਪੰਜਾਬ ਸਰਕਾਰ ਦੀਆਂ ਸੇਵਾਵਾਂ/ਦਾਖਲਿਆਂ ਵਿੱਚ ਲਾਭ ਲੈਣ ਦੇ ਨਾਲ-ਨਾਲ ਕੇਂਦਰ ਸਰਕਾਰ ਦੀਆਂ ਸੇਵਾਵਾਂ ਆਦਿ ਵਿੱਚ ਵੀ ਲਾਭ ਪ੍ਰਾਪਤ ਕਰਨ ਦੀਆਂ ਹੱਕਦਾਰ ਹਨ। ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਕੇਂਦਰ ਸਰਕਾਰ ਵਲੋਂ ਪੰਜਾਬ ਰਾਜ ਲਈ ਓ.ਬੀ.ਸੀਜ਼ ਦੀ ਲਿਸਟ ਜਾਰੀ ਕੀਤੀ ਹੋਈ ਹੈ, ਉਸ ਵਿੱਚ ਕੁਝ ਜਾਤੀਆਂ ਜਿਵੇਂ ਸੁਨਾਰ/ਸਵਰਨਕਾਰ/ਸੈਣੀ ਸ਼ਾਮਲ ਹਨ, ਨੂੰ ਪੰਜਾਬ ਰਾਜ ਵਲੋਂ ਪੱਛੜੀ ਸ੍ਰੇਣੀ ਘੋਸ਼ਿਤ ਨਹੀਂ ਕੀਤਾ ਅਤੇ ਇਹ ਜਾਤੀਆਂ ਉਕਤ 69 ਜਾਤੀਆਂ ਦੀ ਲਿਸਟ ਵਿੱਚ ਸਾਮਲ ਨਹੀਂ ਹਨ। ਇਸ ਲਈ ਇਹ ਜਾਤੀਆਂ ਪੰਜਾਬ ਰਾਜ ਦੀਆਂ ਸੇਵਾਵਾਂ/ਦਾਖਲਿਆਂ ਆਦਿ ਵਿੱਚ ਮਿਤੀ 17-1-1994 ਨੂੰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਪੱਛੜੀ ਸ੍ਰੇਣੀ ਦਾ ਲਾਭ ਪ੍ਰਾਪਤ ਕਰਨ ਲਈ ਜਾਤੀ ਸਰਟੀਫਿਕੇਟ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਰੱਖਦੀਆਂ। ਸੁਨਿਆਰ ਅਤੇ ਸੈਣੀ ਜਾਤੀ ਨੂੰ ਭਾਰਤ ਸਰਕਾਰ ਦੇ ਰੈਜ਼ੂਲੇਸ਼ਨ ਨੰ: 12011/88/98-ਬੀ.ਸੀ.ਸੀ. ਮਿਤੀ 6-12-1999 ਰਾਹੀਂ ਪੰਜਾਬ ਰਾਜ ਦੀ ਓ.ਬੀ.ਸੀ. ਬਾਰੇ ਸੈਂਟਰਲ ਲਿਸਟ ਵਿੱਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਜਾਤੀਆਂ ਨੂੰ ਕੇਵਲ ਕੇਂਦਰ ਸਰਕਾਰ ਦੀਆਂ ਸੇਵਾਵਾਂ ਵਿੱਚ ਰਾਖਵਾਂਕਰਨ ਦਾ ਲਾਭ ਦਿਵਾਉਣ ਲਈ ਭਾਰਤ ਸਰਕਾਰ ਦੀਆਂ ਉਕਤ ਹਦਾਇਤਾਂ ਅਨੁਸਾਰ ਪੱਛੜੀ ਸ੍ਰੇਣੀ ਦੇ ਸਰਟੀਫਿਕੇਟ, ਪੰਜਾਬ ਸਰਕਾਰ ਦੇ ਜਾਤੀ ਸਰਟੀਫਿਕੇਟ ਜਾਰੀ ਕਰਨ ਵਾਲੇ ਸਮਰੱਥ ਅਧਿਕਾਰੀਆਂ ਵਲੋਂ ਕਰੀਮੀਲੇਅਰ ਦੀ ਸਮੇਂ-ਸਮੇਂ ਤੇ ਨਿਯਤ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ ਜਾਰੀ ਕੀਤੇ ਜਾ ਸਕਦੇ ਹਨ।

ਚਲਦਾ ਪੰਨਾ............

3. ਇਹ ਹਦਾਇਤਾਂ ਸਮੂਹ ਸਬੰਧਤਾਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ ਅਤੇ ਇਨ੍ਹਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਵਿਸ਼ਵਾਸ਼ਪਾਤਰ
ਸਹੀ/-
(ਸੰਯੁਕਤ ਸਕੱਤਰ ਭਲਾਈ)

ਇਸ ਦਾ ਇੱਕ ਉਤਾਰਾ ਸਾਰੇ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹੀ/-
(ਸੰਯੁਕਤ ਸਕੱਤਰ ਭਲਾਈ)

ਸੇਵਾ ਵਿਖੇ

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ,
ਰਾਜ ਦੇ ਸਮੂਹ ਪ੍ਰਮੁੱਖ ਸਕੱਤਰ,
ਰਾਜ ਦੇ ਸਮੂਹ ਪ੍ਰਬੰਧਕੀ ਸਕੱਤਰ।

ਅੰ:ਵਿ:ਪੱ:ਨੰ: 2/17/2●●2-ਰਸ5/118-12● ਮਿਤੀ, ਚੰਡੀਗੜ੍ਹ 19-1-●6
ਪਿੱਠ ਅੰਕਣ ਨੰ: 2/17/2●●2-ਰਸ5/121 ਮਿਤੀ, ਚੰਡੀਗੜ੍ਹ 19-1-●6

ਇੱਕ ਉਤਾਰਾ ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ, ਭਲਾਈ ਵਿਭਾਗ, ਪੰਜਾਬ ਨੂੰ ਉਨ੍ਹਾਂ ਦੇ ਮੀਮੋ ਨੰ: ਸ-26/1132 ਮਿਤੀ 18-8-●5 ਦੇ ਹਵਾਲੇ ਵਿੱਚ ਭੇਜਿਆ ਜਾਂਦਾ ਹੈ।

ਸਹੀ/-
(ਸੰਯੁਕਤ ਸਕੱਤਰ ਭਲਾਈ)

ਪਿੱਠ ਅੰਕਣ ਨੰ: 2/17/2●●2-ਰਸ5/122 ਮਿਤੀ, ਚੰਡੀਗੜ੍ਹ 19-1-●6

ਇੱਕ ਉਤਾਰਾ ਮੈਂਬਰ ਸਕੱਤਰ, ਪੰਜਾਬ ਰਾਜ ਪੱਛੜੀਆਂ ਸ੍ਰੇਣੀਆਂ ਕਮਿਸਨ, ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹੀ/-
(ਸੰਯੁਕਤ ਸਕੱਤਰ ਭਲਾਈ)

ਦਫਤਰ,
ਡਾਇਰੈਕਟਰ, ਅਨੁਸੂਚਿਤਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ, ਭਲਾਈ ਵਿਭਾਗ, ਪੰਜਾਬ,
ਐਸ.ਸੀ.ਓ.ਨੰ: 128-129 ਸੈਕਟਰ-34 ਏ, ਚੰਡੀਗੜ੍ਹ।

ਪਿੱਠ ਅੰਕਣ ਨੰ: ਸ-26/3761-77 ਮਿਤੀ, ਚੰਡੀਗੜ੍ਹ 28/2/●6

ਉਤਾਰਾ: ਸਮੂਹ ਜਿਲ੍ਹਾ ਭਲਾਈ ਅਫਸਰ, ਪੰਜਾਬ ਰਾਜ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ